This booklet contains 20 pages.
इस पुस्तिका में 20 पृष्ठ हैं ।

# JP-1-15

**PAPER I / प्रश्न-पत्र I**
**Punjabi Language Supplement**
**पंजाबी भाषा परिशिष्ट**
**PART IV & V / भाग IV & V**

Test Booklet Code
परीक्षा पुस्तिका संकेत

**A**

Test Booklet No.
परीक्षा पुस्तिका संख्या

**383101**

**Do not open this Test Booklet until you are asked to do so.**
**इस परीक्षा पुस्तिका को तब तक न खोलें जब तक कहा न जाए ।**
**Read carefully the Instructions on the Back Cover (Page 19 & 20) of this Test Booklet.**
**इस परीक्षा पुस्तिका के पिछले आवरण (पृष्ठ 19 व 20) पर दिए निर्देशों को ध्यान से पढ़ें ।**

**For instructions in Punjabi see Page 2 of this Booklet. / पंजाबी में निर्देशों के लिए इस पुस्तिका का पृष्ठ 2 देखें ।**

## *INSTRUCTIONS FOR CANDIDATES*

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH.**
2. Candidates are required to answer Parts I, II, III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Blue / Black Ball Point Pen only** for writing particulars on this page / marking responses in the Answer Sheet.
5. The CODE for this Language Booklet is **A**. Make sure that the CODE printed on **Side-2** of the Answer Sheet and on your Main Test Booklet is the same as that on this Language Supplement Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language I - (Punjabi) (Q. 91 to Q. 120)
   Part-V : Language II - (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a language other than Punjabi, please ask for a Test Booklet that contains questions on that language. The languages being answered must tally with the languages opted for in your Application Form.**
8. **Candidates are required to attempt questions in Part -V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

## *परीक्षार्थियों के लिए निर्देश*

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं** ।
2. परीक्षार्थी भाग I, II, III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से ।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं । भाषा परिशिष्टों को आप अलग से माँग सकते हैं ।
4. इस पृष्ठ पर विवरण अंकित करने एवं उत्तर पत्र पर निशान लगाने के लिए **केवल नीले/काले बॉल पॉइंट पेन** का प्रयोग करें ।
5. इस भाषा पुस्तिका का **संकेत** है **A** । यह सुनिश्चित कर लें कि इस भाषा परिशिष्ट पुस्तिका का संकेत, उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है । अगर यह भिन्न हो तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा I - (पंजाबी) (प्र. 91 से प्र. 120)
   भाग-V : भाषा II - (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं । इस परीक्षा पुस्तिका में केवल पंजाबी भाषा से संबंधित प्रश्न दिए गए हैं । **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए । जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए ।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा I (भाग-IV) में चुनी गई भाषा से भिन्न हो ।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें ।
10. सभी उत्तर केवल OMR उत्तर पत्र पर ही अंकित करें । अपने उत्तर ध्यानपूर्वक अंकित करें । उत्तर बदलने हेतु श्वेत रंजक का प्रयोग निषिद्ध है ।

Name of the Candidate (in Capitals) : ____________
परीक्षार्थी का नाम (बड़े अक्षरों में) :
Roll Number : in figures ____________
अनुक्रमांक : (अंकों में)
: in words ____________
: (शब्दों में)
Centre of Examination (in Capitals) : ____________
परीक्षा केन्द्र (बड़े अक्षरों में) :
Candidate's Signature : ____________ Invigilator's Signature : ____________
परीक्षार्थी के हस्ताक्षर : निरीक्षक के हस्ताक्षर :
Facsimile signature stamp of
Centre Superintendent ____________

SEAL

ਇਸ ਪੁਸਤਿਕਾ ਵਿੱਚ 20 ਪੰਨੇ ਹਨ ।

# JP-1-15

ਪਰੀਖਿਆ ਪੁਸਤਿਕਾ ਸੰਕੇਤ

**A**

## ਪੇਪਰ I
## ਪੰਜਾਬੀ ਭਾਸ਼ਾ ਪੂਰਕ
## ਭਾਗ IV & V

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ ।**

**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (19 & 20) ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ।**

***ਪਰੀਖਿਆਰਥੀਆਂ ਲਈ ਨਿਰਦੇਸ਼ :***

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ IV (ਭਾਸ਼ਾ I) ਜਾਂ ਭਾਗ V (ਭਾਸ਼ਾ II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾਂ ਵਿੱਚ ਨਹੀਂ ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ । ਪੂਰਕ ਭਾਸ਼ਾ ਲਈ ਤੁਸੀਂ ਅਲਗ ਤੋਂ ਮੰਗ ਸਕਦੇ ਹੋਂ ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ ਉੱਤਰ-ਪੱਤਰ ਤੇ ਨਿਸ਼ਾਨ ਲਗਾਉਣ ਲਈ ਕੇਵਲ ਨੀਲੇ/ਕਾਲੇ ਬਾਲ ਪੁਆਇੰਟ ਪੈੱਨ ਦਾ ਹੀ ਇਸਤੇਮਾਲ ਕਰੋ ।
5. ਇਸ ਭਾਸ਼ਾ-ਪੁਸਤਿਕਾ ਦਾ ਸੰਕੇਤ ਹੈ **A**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, ਉੱਤਰ-ਪੱਤਰ ਦੇ ਪੰਨਾ-2 ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ । ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ-ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ IV ਅਤੇ V ਹਨ, ਜਿਸ ਵਿੱਚ **60** ਵਸਤੂਪਰਕ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ :
   ਭਾਗ IV : ਭਾਸ਼ਾ I – (ਪੰਜਾਬੀ) *(ਪ੍ਰ. 91 ਤੋਂ ਪ੍ਰ. 120)*
   ਭਾਗ V : ਭਾਸ਼ਾ II – (ਪੰਜਾਬੀ) *(ਪ੍ਰ. 121 ਤੋਂ ਪ੍ਰ. 150)*
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ । ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ । ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ ।
8. ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੇ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ ।
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ ।
10. ਸਾਰੇ ਉੱਤਰ ਕੇਵਲ ਓ.ਐੱਮ.ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ । ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ । ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ ।

ਪਰੀਖਿਆਰਥੀ ਦਾ ਨਾਂ (ਵੱਡੇ ਅਖਰਾਂ ਵਿੱਚ) : ______________________

ਰੋਲ ਨੰਬਰ : ਅੰਕਾ ਵਿੱਚ ______________________

: ਸ਼ਬਦਾਂ ਵਿੱਚ ______________________

ਪਰੀਖਿਆ ਕੇਂਦਰ (ਵੱਡੇ ਅਖਰਾਂ ਵਿੱਚ) : ______________________

ਪਰੀਖਿਆਰਥੀ ਦੇ ਦਸਖ਼ਤ : ______________ ਨਿਰੀਖਿਅਕ ਦੇ ਦਸਖਤ : ______________

Facsimile signature stamp of

Centre Superintendent : ______________________

ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ **ਭਾਸ਼ਾ – I** ਦਾ ਵਿਕਲਪ **ਪੰਜਾਬੀ** ਚੁਣਿਆ ਹੈ ।

## ਭਾਗ – IV
## ਭਾਸ਼ਾ – I
## ਪੰਜਾਬੀ

**ਨਿਰਦੇਸ਼** : ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨ (**91** ਤੋਂ **99**) ਤੱਕ ਦੇ ਉੱਤਰ ਢੁਕਵੇਂ ਵਿਕਲਪਾਂ ਰਾਹੀ ਦਿਓ :

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦ ਵੀ ਦੇਸ਼ 'ਤੇ ਮੁਸੀਬਤ ਬਣੀ, ਇੱਥੋਂ ਦੇ ਵਾਸੀਆਂ ਨੇ ਵੈਰੀ ਨਾਲ ਚੰਗਾ ਲੋਹਾ ਲਿਆ । ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਨੌਂ ਸਾਲ ਦੀ ਉਮਰ ਵਿੱਚ ਆਪਣੇ ਪਿਤਾ ਗੁਰੂ ਤੇਗ ਬਹਾਦੁਰ ਸਾਹਿਬ ਨੂੰ ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦੀ ਦੇਣ ਦੀ ਆਗਿਆ ਦੇ ਦਿੱਤੀ ਤੇ ਬਾਅਦ ਵਿੱਚ ਆਪਣਾ ਸਰਬੰਸ ਤਕ ਵਾਰ ਦਿੱਤਾ ਬੰਦਾ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ । ਮਹਾਰਾਣਾ ਪ੍ਰਤਾਪ ਨੇ ਮੁਗਲ ਸ਼ਮਰਾਟ ਅਕਬਰ ਦੀ ਈਨ ਨਾ ਮੰਨੀ ਮਹਾਰਾਜਾ ਰਣਜੀਤ ਸਿੰਘ ਨੇ ਖੇਰੂੰ-ਖੇਰੂੰ ਹੋਏ ਪੰਜਾਬੀਆਂ ਨੂੰ ਇਕਮੁੱਠ ਕਰਕੇ ਪੰਜਾਬ 'ਤੇ ਪੰਜਾਬੀਆਂ ਦਾ ਰਾਜ ਕਾਇਮ ਕਰ ਦਿੱਤਾ । ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਹੱਸ-ਹੱਸ ਕੇ ਫਾਂਸੀ ਦੇ ਰੱਸੇ ਆਪਣਿਆਂ ਗਲਿਆਂ ਵਿੱਚ ਪਵਾਏ । ਲਾਲਾ ਲਾਜਪਤ ਰਾਏ ਨੇ ਫਰੰਗੀਆਂ ਦੀਆਂ ਡਾਂਗਾਂ ਖਾਂਦਿਆਂ ਆਪਣਾ ਆਪਾ ਨਿਛਾਵਰ ਕੀਤਾ । ਜਨਰਲ ਡਾਇਰ ਤੋਂ ਬਦਲਾ ਲੈਣ ਲਈ ਸ: ਊਧਮ ਸਿੰਘ ਨੇ ਅੰਗਰੇਜ਼ਾਂ ਨੂੰ ਨਾਨੀ ਚੇਤੇ ਕਰਵਾ ਦਿੱਤੀ । ਸ: ਕਰਤਾਰ ਸਿੰਘ ਸਰਾਭਾ ਨੇ ਅੰਗਰੇਜ਼ਾਂ ਦੀ ਨੀਂਦ ਹਰਾਮ ਕਰ ਦਿੱਤੀ । ਦੇਸ਼ ਪ੍ਰਤੀ ਕੁਰਬਾਨੀਆਂ ਦੇਣ ਵਿੱਚ ਸਾਡੀਆਂ ਔਰਤਾਂ ਵੀ ਪਿੱਛੇ ਨਹੀਂ ਰਹੀਆਂ-ਬੀਬੀ ਗੁਰਸ਼ਰਨ ਕੌਰ, ਰਾਣੀ ਝਾਂਸੀ ਤੇ ਰਾਣੀ ਸਾਹਿਬ ਕੌਰ ਨੇ ਵੈਰੀਆਂ ਨੂੰ ਦਿਨੇ ਤਾਰੇ ਦਿਖਾ ਦਿੱਤੇ । ਪਿੱਛੇ ਜਿਹੇ ਹੋਈ ਕਾਰਗਿਲ ਦੀ ਲੜਾਈ ਵਿੱਚ ਵਿਸ਼ੇਸ਼ ਕਰਕੇ ਭਾਰਤੀ ਫ਼ੌਜ ਤੇ ਸਮੁੱਚੇ ਭਾਰਤੀਆਂ ਨੇ ਪਾਕਿਸਤਾਨ ਨੂੰ ਪਛਾੜ ਕੇ ਦੱਸ ਦਿੱਤਾ ਕਿ ਭਾਰਤੀਆਂ ਵਿੱਚ ਦੇਸ਼-ਪਿਆਰ ਦਾ ਜਜ਼ਬਾ ਆਪਣੇ ਪੂਰੇ ਜੋਬਨ 'ਤੇ ਹੈ ।

ਅਸਲ ਵਿੱਚ ਦੇਸ਼-ਭਗਤਾਂ ਦਾ ਜੀਵਨ ਦੇਸ਼ ਲਈ ਅਰਪਣ ਹੁੰਦਾ ਹੈ । ਉਹ ਸੱਚੇ ਦੇਸ਼-ਸੇਵਕ ਬਣ ਕੇ ਦੇਸ਼ ਦੀ ਸੇਵਾ ਕਰਦੇ ਹਨ । ਉਹ ਉੱਚ-ਆਚਰਣ ਦੇ ਮਾਲਕ ਹੁੰਦੇ ਹਨ । ਉਹ ਜਾਤ-ਪਾਤ, ਰੰਗ-ਰੂਪ ਅਤੇ ਊਚ-ਨੀਚ ਦੇ ਵਿਤਕਰਿਆਂ ਤੋਂ ਬਰੀ ਹੁੰਦੇ ਹਨ । ਉਹ ਧਰਮ, ਬੋਲੀ, ਪ੍ਰਾਂਤ ਤੇ ਖੇਤਰ ਦੇ ਸੌੜੇ ਵਿਚਾਰਾਂ ਤੋਂ ਉੱਪਰ ਹੁੰਦੇ ਹਨ । ਉਹ ਆਪਣਾ ਸਵਾਰਥ ਭੁੱਲ ਕੇ ਦੇਸ਼ ਲਈ ਹਰ ਕੁਰਬਾਨੀ ਕਰਨ ਲਈ ਤਿਆਰ-ਬਰ-ਤਿਆਰ ਰਹਿੰਦੇ ਹਨ ।

**91.** ਕਿਹੜੇ ਸੁਤੰਤਰਤਾ ਸੰਗ੍ਰਾਮੀ ਨੇ ਅੰਗਰੇਜ਼ਾਂ ਲਈ ਮੁਸ਼ਕਿਲਾਂ ਖੜ੍ਹੀਆਂ ਕਰ ਦਿੱਤੀਆਂ ਸਨ ।

(1) ਸ਼ਹੀਦ ਊਧਮ ਸਿੰਘ ਨੇ

(2) ਮਹਾਰਾਜਾ ਰਣਜੀਤ ਸਿੰਘ ਨੇ

(3) ਕਰਤਾਰ ਸਿੰਘ ਸਰਾਭਾ ਨੇ

(4) ਜਨਰਲ ਡਾਇਰ ਨੇ

**92.** ਭਾਰਤੀਆਂ ਵਿਚ ਦੇਸ਼ ਭਗਤੀ ਕਦੋਂ ਵੇਖਣ ਨੂੰ ਮਿਲੀ ?

(1) ਮੁਗ਼ਲ ਸਮਰਾਟ ਅਕਬਰ ਦੇ ਰਾਜ ਦੌਰਾਨ

(2) ਰਾਣੀ ਸਾਹਿਬ ਕੌਰ ਦੇ ਰਾਜ ਦੌਰਾਨ

(3) ਕਾਰਗਿਲ ਦੀ ਲੜਾਈ ਦੌਰਾਨ

(4) ਇਨ੍ਹਾਂ ਚੋਂ ਕੋਈ ਨਹੀਂ

**93.** ਦੇਸ਼ ਭਗਤ ਕੌਣ ਨਹੀਂ ਹੋ ਸਕਦਾ ?

(1) ਸੁਆਰਥੀ

(2) ਜਾਤ-ਪਾਤ ਵਿਚ ਵਿਸ਼ਵਾਸ ਨਾ ਰੱਖਣ ਵਾਲਾ

(3) ਵੈਰੀਆਂ ਨਾਲ ਟੱਕਰ ਲੈਣ ਵਾਲਾ

(4) ਮੌਤ ਦੀ ਪਰਵਾਹ ਨਾ ਕਰਨ ਵਾਲਾ

**94.** ਪੰਜਾਬੀਆਂ ਦੀ ਏਕਤਾ ਲਈ ਕਿਸ ਨੇ ਮੋਹਰੀ ਭੂਮਿਕਾ ਨਿਭਾਈ ?

(1) ਗੁਰੂ ਤੇਗ ਬਹਾਦਰ ਨੇ

(2) ਮਹਾਰਾਜਾ ਰਣਜੀਤ ਸਿੰਘ ਨੇ

(3) ਰਾਣੀ ਝਾਂਸੀ ਨੇ

(4) ਇਨ੍ਹਾਂ 'ਚੋਂ ਕੋਈ ਨਹੀਂ

**95.** ਪੈਰੇ ਵਿਚ ਆਏ ਸ਼ਬਦ 'ਪਛਾੜ' ਦਾ ਕੀ ਅਰਥ ਹੈ ?

(1) ਹਰਾ ਕੇ

(2) ਹਾਰ ਖਾ ਕੇ

(3) ਈਨ ਮੰਨ ਕੇ

(4) ਗੋਡੇ ਟੇਕ ਕੇ

**96.** ਪੈਰੇ ਵਿਚ ਵਰਤੇ ਗਏ 'ਖੇਰੂੰ-ਖੇਰੂੰ' ਸ਼ਬਦ ਕੀ ਹਨ ?

(1) ਅਗੇਤਰ

(2) ਪਿਛੇਤਰ

(3) ਵਿਰੋਧੀ ਸ਼ਬਦ

(4) ਸਮਾਸੀ ਸ਼ਬਦ

**97.** ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਦੱਸੋ ।

(1) ਲੜਾਈ

(2) ਦੁਸ਼ਮਣੀ

(3) ਦੇਸ਼-ਪਿਆਰ

(4) ਵੈਰ-ਵਿਰੋਧ

**98.** ਕਿਹੜੇ ਰਾਜੇ ਨੇ ਅਕਬਰ ਦੀ ਗੁਲਾਮੀ ਤੋਂ ਇਨਕਾਰ ਕਰ ਦਿੱਤਾ ?

(1) ਕਰਤਾਰ ਸਿੰਘ ਸਰਾਭਾ ਨੇ

(2) ਗੁਰੂ ਗੋਬਿੰਦ ਸਿੰਘ ਨੇ

(3) ਜਨਰਲ ਡਾਇਰ ਨੇ

(4) ਮਹਾਰਾਣਾ ਪ੍ਰਤਾਪ ਨੇ

**99.** ਸਰਹਿੰਦ ਉਪਰ ਕਿਸ ਨੇ ਜਿੱਤ ਹਾਸਲ ਕੀਤੀ ?

(1) ਗੁਰੂ ਤੇਗ ਬਹਾਦਰ ਨੇ

(2) ਬੰਦਾ ਬਹਾਦਰ ਨੇ

(3) ਗੁਰੂ ਗੋਬਿੰਦ ਸਿੰਘ ਨੇ

(4) ਊਧਮ ਸਿੰਘ ਨੇ

**ਨਿਰਦੇਸ਼** : ਹੇਠ ਦਿੱਤੇ ਕਾਵਿ-ਟੋਟੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (**100** ਤੋਂ **105**) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਓ :

ਹੀਰ ਆਖਦੀ ਜੋਗੀਆਂ ਝੂਠ ਆਖੇਂ,
ਕੌਣ ਰੁੱਠੜੇ ਯਾਰ ਮਿਲਾਂਵਦਾ ਈ ।
ਏਹਾ ਕੋਈ ਨਾ ਮਿਲਿਆ, ਮੈਂ ਢੂੰਡ ਥੱਕੀ,
ਜਿਹੜਾ ਗਇਆਂ ਨੂੰ ਮੋੜ ਲਿਆਂਵਦਾ ਈ ।
ਸਾਡੇ ਚੰਮ ਦੀਆਂ ਜੁੱਤੀਆਂ ਕਰੇ ਕੋਈ,
ਜਿਹੜਾ ਜੀਊ ਦਾ ਰੋਗ ਗਵਾਂਵਦਾ ਈ ।
ਭਲਾ ਦੱਸ ਖਾਂ ਚਿਰੀਂ ਵਿਛੁੰਨਿਆਂ ਨੂੰ,
ਕਦੋਂ ਰੱਬ ਸੱਚਾ ਘਰੀਂ ਲਿਆਂਵਦਾ ਈ ।

**100.** ਦਿਲ ਦਾ ਰੋਗ ਮਿਟਾਉਣ ਲਈ ਹੀਰ ਕੀ ਕੁੱਝ ਕਰਨ ਲਈ ਤਿਆਰ ਹੈ ?

(1) ਚੰਮ ਦੀ ਜੁੱਤੀ ਬਣਨ ਲਈ

(2) ਸੈਦੇ ਦਾ ਕਤਲ ਕਰਨ ਲਈ

(3) ਵਿਛੜ ਜਾਣ ਲਈ

(4) ਇਨ੍ਹਾਂ ਚੋਂ ਕੋਈ ਨਹੀਂ

**101.** ਉਪਰੋਕਤ ਸਤਰਾਂ ਚੋਂ ਹੀਰ ਦੀ ਕਿਹੜੀ ਅਵਸਥਾ ਦਾ ਪਤਾ ਲਗਦਾ ਹੈ ?

(1) ਖੁਸ਼ੀ ਵਾਲੀ

(2) ਹੈਰਾਨੀ ਵਾਲੀ

(3) ਗਹਿਰੇ ਵਿਯੋਗ ਵਾਲੀ

(4) ਉਪਰੋਕਤ ਸਾਰੇ

**102.** ਇਨ੍ਹਾਂ ਕਾਵਿ-ਪੰਕਤੀਆਂ ਵਿਚ ਹੀਰ ਕਿਸ ਦੀ ਤਲਾਸ਼ ਵਿਚ ਹੈ ?

(1) ਵਾਰਿਸ ਦੀ

(2) ਵਿਛੜੇ ਯਾਰ ਦੀ

(3) ਸੈਦੇ ਦੀ

(4) ਚੰਮ ਦੀਆਂ ਜੁੱਤੀਆਂ ਦੀ

**103.** ਉਪਰੋਕਤ ਕਾਵਿ ਸਤਰਾਂ ਵਿੱਚ ਆਏ ਸ਼ਬਦ 'ਜੀਊ' ਦਾ ਕੀ ਅਰਥ ਹੈ

(1) ਜਿਉਣ ਜੋਗਾ

(2) ਸਿਰ

(3) ਉਪਰੋਕਤ ਦੋਵੇਂ

(4) ਦਿਲ

**104.** ਉਪਰੋਕਤ ਰਚਨਾ ਕਿਸ ਕਵੀ ਦੀ ਹੈ ?

(1) ਦਮੋਦਰ

(2) ਵਾਰਿਸ ਸ਼ਾਹ

(3) ਪੀਲੂ

(4) ਅਹਿਮਦ

**105.** ਉਪਰੋਕਤ ਸਤਰਾਂ ਵਿਚ ਹੀਰ ਕਿਸ ਨੂੰ ਸੰਬੋਧਨ ਕਰ ਰਹੀ ਹੈ ?

(1) ਸੈਦੇ ਨੂੰ

(2) ਰਾਂਝੇ ਦੇ ਪਿਤਾ ਨੂੰ

(3) ਵਾਰਿਸ ਨੂੰ

(4) ਰਾਂਝੇ ਨੂੰ

ਨਿਰਦੇਸ਼ : ਹੇਠ ਲਿਖੇ ਪ੍ਰਸ਼ਨਾਂ ਦੇ ਜੁਆਬ ਢੁਕਵੇਂ ਵਿਕਲਪਾਂ ਨਾਲ ਦਿਓ ।

106. ਪੜ੍ਹਨ ਸਮੇਂ ਇਕ ਵਾਕ/ਟੈਕਸਟ ਦੇ ਵੱਖੋ-ਵੱਖਰੇ ਹਿੱਸਿਆਂ ਨੂੰ ਵਿਚਕਾਰ ਸੰਬੰਧ ਨੂੰ ਸਮਝਣ ਲਈ ਵਿਦਿਆਰਥੀਆਂ ਦੀ ਮਦਦ ਕੌਣ ਕਰਦਾ ਹੈ
(1) ਕਿਰਿਆ ਵਿਸ਼ੇਸ਼ਣ
(2) ਪੜਨਾਂਵ
(3) ਖ਼ਾਸ ਨਾਂਵ
(4) ਵਾਕਾਂਸ਼

107. ਹੇਠ ਲਿਖਿਆਂ ਵਿਚੋ ਕਿਹੜਾ ਵਾਕ ਠੀਕ ਹੈ ?
(1) ਬੱਸ ਫੜਨ ਲਈ ਭੱਜਦਾ ਹੋਇਆ ਬਜ਼ੁਰਗ ਆਦਮੀ ਤਿਲਕ ਕੇ ਡਿੱਗ ਪਿਆ
(2) ਬੱਸ ਫੜਨ ਲਈ ਭੱਜਦੇ ਬਜ਼ੁਰਗ ਆਦਮੀ ਦਾ ਬਟੂਆ ਉਸ ਦੀ ਜੇਬ 'ਚੋਂ ਡਿੱਗ ਪਿਆ
(3) ਬੱਸ ਫੜਨ ਲਈ ਭੱਜਦੇ ਬਜ਼ੁਰਗ ਆਦਮੀ ਦਾ ਚਿਹਰਾ ਪਸੀਨੋ-ਪਸੀਨੀ ਹੋ ਗਿਆ
(4) ਬੱਸ ਫੜਨ ਲਈ ਭੱਜਦੇ ਬਜ਼ੁਰਗ ਵਿਅਕਤੀ ਨੇ ਆਪਣੀ ਢਲਦੀ ਉਮਰ 'ਤੇ ਰਸਕ ਕੀਤਾ

108. ਹੇਠ ਲਿਖੀਆਂ ਉਕਤੀਆਂ ਵਿਚੋਂ ਕਿਸੇ ਇਕ ਨੂੰ ਛੱਡ ਕੇ ਬਾਕੀ ਸਾਰੀਆਂ ਸੁਣਨ ਆਚਾਰ ਦੀਆਂ ਵਿਵਰਣਾਤਮਕ ਹਨ
(1) ਧਿਆਨ ਪੂਰਵਕ ਸੁਣਨ ਨਾਲ ਬੋਲਣ ਵਾਲੇ ਦੀਆਂ ਹਰਕਤਾਂ ਦਾ ਅਗਾਊਂ ਪਤਾ ਲੱਗ ਸਕਦਾ ਹੈ
(2) ਲੋਕ ਸੁਣਨ ਦੀ ਚੋਣ ਕਰ ਸਕਦੇ ਹਨ, ਅਣਇੱਛਿਤ ਅਣਸੁਣਿਆ ਕੀਤਾ ਜਾ ਸਕਦਾ ਹੈ
(3) ਇਕ ਚੰਗਾ ਸਰੋਤਾ ਬਣਨ ਦੀ ਜੋਗਤਾ ਆਪਣੇ ਆਪ ਆਉਂਦੀ ਹੈ, ਇਸ ਲਈ ਕਿਸੇ ਸਿਖਲਾਈ ਦੀ ਲੋੜ ਨਹੀਂ ਹੁੰਦੀ
(4) ਸਰੋਤੇ ਕੋਲ ਸਾਰੇ ਸੰਚਾਰ ਦਾ ਘੱਟੋ-ਘੱਟ ਅੱਧ ਹੁੰਦਾ ਹੈ ।

109. ਪੰਜਾਬੀ ਦੇ ਸ਼ਬਦ 'ਸੰਤੁਲਣ' ਦਾ ਉਚਾਰਨ ਸਿਖਾਉਣ ਸਮੇਂ ਤੁਸੀਂ ਕਰੋਗੇ
(1) ਵਿਦਿਆਰਥੀਆਂ ਨੂੰ ਪੰਜਾਬੀ ਦਾ ਉਸੇ ਤਰ੍ਹਾਂ ਦੇ ਸ਼ਬਦ ਦੀ ਵਰਤੋਂ ਲਈ ਉਤਸਾਹਤ ਕਰਨਾ
(2) ਇਸ ਦਾ ਅਰਥ ਕੱਢ ਕੇ ਜਮਾਤ ਨੂੰ ਦੱਸਣਾ
(3) ਉਚਾਰਣ ਸ਼ਬਦਕੋਸ਼ ਦੀ ਮਦਦ ਨਾਲ ਜਮਾਤ ਨੂੰ ਸੁਣਾਉਣਾ
(4) ਵਿਦਿਆਰਥੀਆਂ ਨੂੰ ਦੱਸਣਾ ਕਿ ਇਹ ਵਿਦੇਸ਼ੀ ਸ਼ਬਦ ਹੈ

110. ਕਿਸੇ ਕਹਾਣੀ ਦਾ ਵਿਸ਼ਾ, ਸਿਰਲੇਖ ਪਾਠ ਦੇ ਮੁੱਖ ਨੁਕਤਿਆਂ ਅਤੇ ਦ੍ਰਿਸ਼ ਸੂਚਨਾ ਦੇ ਆਧਾਰ 'ਤੇ ਸੋਚਣਾ । ਕਿਸੇ ਅਜਿਹੀ ਚੀਜ਼ ਜਿਸ ਬਾਰੇ ਤੁਸੀਂ ਜਾਣਨਾ ਚਹੁੰਦੇ ਹੋ ਨੋਟ ਬਣਾਓ ।

ਪੜ੍ਹਨ ਕੰਮਦਾ ਇਹ ਅਮਲ ਕਿਹੜਾ ਹੈ –
(1) ਦ੍ਰਿਸ਼ ਪ੍ਰਕਿਰਿਆ
(2) ਸ਼ਾਬਦਿਕ ਹਮਲਾ
(3) ਅਗਾਊਂ ਗਿਆਨ ਦੀ ਵਰਤੋਂ
(4) ਕਿਆਸ ਲਾਉਣਾ ਜਾਂ ਅਨੁਮਾਨ ਲਾਉਣਾ

**111.** ਇਕ ਰੈਸਟੋਰੈਂਟ ਵਿਚ ਇਸ ਐਲਾਨ ਨੂੰ ਪੜ੍ਹੋ । ਕਿਹੜੀ ਸਤਰ/ਸਤਰਾਂ ਵਿਚ ਗਲਤੀ ਹੈ ?

1. ਗਰਮ ਤੇ ਮਸਾਲੇਦਾਰ ਸਨੈਕਸ ਦਾ ਅਨੰਦ ਲਓ
2. ਅਤੇ ਤਾਜ਼ਾ ਪੱਕੇ ਹੋਏ ਚੌਕਲੇਟ ਬਿਸਕੁੱਟ
3. ਉਨ੍ਹਾਂ ਚੰਗੇ ਸੁਆਦ ਹਨ

(1) ਸਤਰ 1 ਅਤੇ 2

(2) ਸਿਰਫ਼ ਸਤਰ 1

(3) ਸਿਰਫ਼ 1 ਅਤੇ 3 ਸਤਰ

(4) ਸਿਰਫ਼ ਸਤਰ 3

**112.** ਖੋਜ ਦਾ ਸਿਧਾਂਤ ਦਸਦਾ ਹੈ ਕਿ ਵਿਆਕਰਨ ਦੀ ਜਮਾਤ ਵਿਚ ਵਿਦਿਆਰਥੀ

(1) ਵਿਆਕਰਨ ਅਧਾਰਿਤ ਕੰਮਾਂ ਵਿਚ ਰੁੱਝੇ ਰਹਿੰਦੇ ਹਨ, ਜਿਸ ਰਾਹੀਂ ਉਨ੍ਹਾਂ ਨੂੰ ਸਹਿਜੋਗ ਬਾਰੇ ਸੋਚਣ ਦੀ ਲੋੜ ਹੈ

(2) ਬੁਹਤ ਸਾਰੀਆਂ ਉਦਾਹਰਨਾਂ ਰਾਹੀਂ ਕੰਮ ਕਰਦਿਆਂ ਪੱਕੇ ਨਾਮ ਬਨਾਉਂਦੇ ਹਨ

(3) ਕੰਮ ਮੁਕੰਮਲ ਕਰਨ ਸਮੇਂ ਸੁਚੇਤ ਰੂਪ ਵਿਚ ਵਿਆਕਰਨ ਦੇ ਨੇਮਾਂ ਦਾ ਧਿਆਨ ਰੱਖਦੇ ਹਨ

(4) ਵਿਆਕਰਨ ਗ਼ਲਤੀਆਂ ਤੋਂ ਬਚਣ ਲਈ ਅਧਿਆਪਕ ਲਈ ਸਹਾਈ ਸਿੱਧ ਹੁੰਦੇ ਹਨ

**113.** ਕਾਇਨਸਥੈਟਿਕ ਗਿਆਨ (Kinesthetic Intelligence) ਇਕ ਸਿੱਖਿਆ ਜੋਗਤਾ ਹੈ ਜਿੱਥੇ ਵਿਦਿਆਰਥੀ

(1) ਕੋਲ ਉੱਚ-ਵਿਕਸਿਤ ਸ਼੍ਰਵਣ ਮੁਹਾਰਤ ਹੁੰਦੀ ਹੈ ਤੇ ਉਹ ਤਸਵੀਰਾਂ ਦੀ ਬਜਾਏ ਸ਼ਬਦਾਂ ਵਿਚ ਸੋਚਦਾ ਹੈ

(2) ਇਕ ਚੰਗੇ ਸੰਤੁਲਣ ਅਤੇ ਅੱਖ ਤੇ ਹੱਥ ਦੇ ਤਾਲਮੇਲ ਰਾਹੀਂ ਹਰਕਤ ਕਰਕੇ ਆਪਣਾ ਪ੍ਰਗਟਾਵਾ ਕਰਦਾ ਹੈ

(3) ਦਾ ਸੰਗੀਤ ਵੱਲ ਝੁਕਾਅ ਹੁੰਦਾ ਹੈ ਕਿ ਉਹ ਅਵਾਜ਼ਾ ਤੇ ਲੈਅ ਵਿੱਚ ਸੋਚਦਾ ਹੈ ।

(4) ਤਰਕ ਅਤੇ ਅੰਕੜਿਆਂ ਦੇ ਢਾਂਚੇ ਵਿਚ ਸੰਕਲਪ ਦੀ ਪੱਧਰ 'ਤੇ ਸੋਚਦਾ ਹੈ ਅਤੇ ਸੂਚਨਾ ਦੇ ਟੁਕੜਿਆਂ ਵਿਚ ਸੰਬੰਧ ਸਥਾਪਤ ਕਰਦਾ ਹੈ

**114.** ਇਕ ਵਿਦਿਆਰਥੀ ਦੀਆਂ 'ਵਿਸ਼ੇਸ਼ ਅਕਾਦਮਿਕ ਯੋਗਤਾਵਾਂ' ਵਿਚ ਹੇਠ ਲਿਖੀਆਂ ਰਾਵਾਂ ਸ਼ਾਮਲ ਹੁੰਦੀਆਂ ਹਨ

(1) ਅਸੰਭਵ ਸਿੱਟੇ ਤੇ ਕਈ ਵਾਰ ਮੂਰਖਾਨਾ ਹੰਗਾਰਾ

(2) ਹੋਰਨਾਂ ਦੀਆਂ ਮੁਹਾਰਤਾਂ ਤੇ ਯੋਗਤਾਵਾਂ ਨੂੰ ਪਛਾਨਣਾ

(3) ਇਕ ਯੋਗ ਸਰੀਰਕ ਸੁਡੌਲਤਾ ਹੋਣੀ

(4) ਰੁਚੀ ਵਾਲੇ ਖੇਤਰਾਂ ਵਿਚ ਲੰਮੇ ਸਮੇ ਤੱਕ ਧਿਆਨ ਲਾਉਣਾ

**115.** ਪੁਰਾਣੇ ਤਜ਼ਰਬੇ ਦੇ ਆਧਾਰ 'ਤੇ ਚੰਗੇ ਪੰਜਾਬੀ ਸੰਚਾਰ ਦੀ ਨਿਰਭਰਤਾ ਨੂੰ ਆਖਿਆ ਜਾਂਦਾ ਹੈ

(1) ਸੰਕਲਪ ਨਿਰਮਾਣ

(2) ਸਿਖਿਆ ਦਾ ਤਬਾਦਲਾ

(3) ਪ੍ਰਸ਼ਨ ਪੁੱਛਣ ਦੀ ਤਕਨੀਕ

(4) ਨਾਲੋ-ਨਾਲ ਪ੍ਰਦਰਸ਼ਨ

116. ਇਕ ਅਧਿਆਪਣ ਸਿਖਲਾਈ ਤਕਨੀਕ ਜਿੱਥੇ ਮੁਹਾਰਤ ਵਿਕਸਿਤ ਕਰਨ ਲਈ ਬਨਾਵਟੀਪਣ (Simulation) ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨੂੰ ਕਹਿੰਦੇ ਹਨ

(1) ਪਾਠ ਯੋਜਨਾ

(2) ਇਕ ਵੀਡੀਓ ਪ੍ਰਦਰਸ਼ਨ ਵੇਖਣਾ

(3) ਸੂਖਮ (Micro) ਸਿੱਖਿਆ

(4) ਲੈਕਚਰ ਦੇ ਚੰਗੇ ਨੋਟਸ ਬਣਾਉਣੇ

117. ਲਿਖਤੀ ਅਮਲ ਦੇ ਕਿਹੜੇ ਪੜਾਅ ਦੌਰਾਨ ਖੁੱਲ੍ਹੀ ਲਿਖਤ (Free Writing) ਬੌਧਿਕ ਹਲਚਲ (Brainstorming), ਇਕੱਤਰੀਕਰਨ (clustering) ਤੇ ਵਿਚਾਰ ਨਿਰਮਾਣ (Idea mapping) ਬਹੁਤ ਜ਼ਰੂਰੀ ਹੁੰਦੇ ਹਨ ?

(1) ਲਿਖਣ ਤੋਂ ਪਹਿਲਾਂ

(2) ਲਿਖਣ ਸਮੇਂ

(3) ਦੁਬਾਰਾ ਪੜ੍ਹਨ ਸਮੇਂ

(4) ਪਰੂਫ਼ ਪੜ੍ਹਨ ਸਮੇਂ

118. ਹੇਠ ਲਿਖੇ ਸ਼ਬਦ ਕੀ ਹਨ ?

ਨੇੜੇ, ਬਾਹਰੋਂ, ਏਧਰ, ਅੰਦਰ, ਬਾਹਰ

(1) ਇਸਤਰੀ ਲਿੰਗ

(2) ਸੰਖਿਆਵਾਚਕ ਵਿਸ਼ੇਸ਼ਣ

(3) ਸਥਾਨਵਾਚਕ ਕਿਰਿਆ ਵਿਸ਼ੇਸ਼ਣ

(4) ਦੁੱਤ-ਅੱਖਰ

119. ਇਕ ਲਿਖਤੀ ਕੰਮ ਦਾ ਬਿਹਤਰ ਕ੍ਰਮ ਹੋ ਸਕਦਾ ਹੈ

(1) ਇੱਕਤਰੀਕਰਨ, ਕ੍ਰਮ ਅਨੁਸਾਰ, ਲਿਖਣਾ, ਮੁੜ ਤੋਂ ਲਿਖਣਾ

(2) ਇੱਕਤਰੀਕਰਨ, ਕ੍ਰਮ ਅਨੁਸਾਰ, ਮੁੜ ਤੋਂ ਲਿਖਣਾ, ਲਿਖਣਾ

(3) ਕ੍ਰਮ ਅਨੁਸਾਰ, ਇੱਕਤਰੀਕਰਨ, ਲਿਖਣਾ, ਮੁੜ ਤੋਂ ਲਿਖਣਾ

(4) ਲਿਖਣਾ, ਇੱਕਤਰੀਕਰਨ, ਕ੍ਰਮ ਅਨੁਸਾਰ, ਮੁੜ ਤੋਂ ਲਿਖਣਾ

120. ਭਾਸ਼ਾ ਦੀ ਜਮਾਤ ਵਿਚ ਸਾਹਿਤ ਸਾਡੇ ਵਿਦਿਆਰਥੀਆਂ ਨੂੰ _______

(1) ਸਭਿਆਚਾਰ ਪਾਸਾਰ ਮੁਹਈਆ ਨਹੀਂ ਕਰਦਾ

(2) ਭਾਸ਼ਾ ਵਿਚ ਇਕ ਵਿਆਪਕ ਪ੍ਰਮਾਨਿਕ ਵਿਭਿੰਨਤਾ ਨਹੀਂ ਪ੍ਰਗਟਾਉਂਦਾ

(3) ਪੰਜਾਬੀ ਭਾਸ਼ਾ ਦੀ ਪੁਰਾਣੀ ਸ਼ੈਲੀ ਦਿੰਦਾ ਹੈ

(4) ਮੁਸ਼ਕਿਲ ਸ਼ਬਦਾਵਲੀ ਮੁਹਈਆ ਕਰਦਾ ਹੈ

ਪਰੀਖਿਆਰਥੀ ਹੇਠ ਲਿਖੇ ਭਾਗ ਦੇ ਪ੍ਰਸ਼ਨਾਂ ਦੇ ਉੱਤਰ ਕੇਵਲ ਤਾਂ ਹੀ ਦੇਵੇ ਜੇਕਰ ਉਸਨੇ **ਭਾਸ਼ਾ – II** ਦਾ ਵਿਕਲਪ **ਪੰਜਾਬੀ** ਚੁਣਿਆ ਹੈ ।

## ਭਾਗ – V

## ਭਾਸ਼ਾ – II

## ਪੰਜਾਬੀ

**ਨਿਰਦੇਸ਼** : ਹੇਠ ਲਿਕੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾ (**121** ਤੋਂ **129**) ਦੇ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਓ :

ਤਾਜ ਮਹੱਲ ਬੜੀ ਸੁੰਦਰ ਇਮਾਰਤ ਹੈ । ਇਸ ਦਾ ਗੁੰਬਦ ਬੜੀ ਸੁਹਣੀ ਉਸਾਰੀ-ਕਲਾ ਦੀ ਕਿਰਤ ਗਿਣੀ ਜਾਂਦੀ ਹੈ । ਤੁਸੀਂ ਸਿਰਫ਼ ਗੁੰਬਦ ਦੀ ਫ਼ੋਟੋ ਲੈ ਲਵੋ, ਜਾਂ ਸਿਰਫ਼ ਇਮਾਰਤ ਦੀ-ਇਸ ਫ਼ੋਟੋ-ਵਿਚ ਬਾਗ ਦਾ ਹਿੱਸਾ ਨਾ ਆਵੇ, ਨਾ ਸਾਮ੍ਹਣੇ ਸਰੂਆਂ ਦਾ, ਨਾ ਹਰੇ ਚਮਨਾਂ ਦਾ । ਇਹ ਤਸਵੀਰ ਕੁਝ ਨਹੀਂ ਦੱਸੇਗੀ । ਕਿਉਂਕਿ, ਨਿਰਾ ਗੁੰਬਦ ਜਾਂ ਨਿਰੀ ਇਮਾਰਤ ਤਾਂ ਸਿਰਫ਼ ਪੱਥਰਾਂ ਦੀ ਚਿਣਾਈ ਹੈ, ਇਸ ਕਰਕੇ ਇਹ ਪ੍ਰਭਾਵ ਤੋਂ ਬਿਲਕੁਲ ਖ਼ਾਲੀ ਹੋਣਗੇ । ਤਾਜ ਮਹੱਲ ਆਪਣਾ ਪ੍ਰਭਾਵ ਆਪਣੇ ਵਾਤਾਵਰਣ ਵਿਚੋਂ ਲੈਂਦਾ ਹੈ -- ਆਪਣੇ ਸੁੰਦਰ ਸਿਹਨ, ਚੌੜੇ ਬਾਗ, ਪਾਰਲੇ ਨੀਲੇ ਆਕਾਸ਼, ਤੇ ਨਾਲੋਂ ਵਗਦੀ ਜਮਨਾ ਨਦੀ ਕੋਲੋਂ ।

ਦਰਸ਼ਨੀ ਸੁਹੱਪਣ ਚੀਜ਼ਾਂ ਵਿਚ ਨਹੀਂ ਹੁੰਦਾ, ਵਾਤਾਵਰਣ ਵਿਚ ਹੁੰਦਾ ਹੈ, ਅਤੇ ਪ੍ਰਭਾਵ ਦੇ ਅਕਹਿ ਅਨੁਭਵ ਵਿਚ ਪਰਗਟ ਹੁੰਦਾ ਹੈ । ਇਹ ਕੁਦਰਤ ਦਾ ਅਤਿ ਸੁੰਦਰ ਕਾਨੂੰਨ ਹੈ । ਕੁਦਰਤ ਹਰ ਕਦਮ ਉੱਤੇ ਯਾਦ ਕਰਾਉਣਾ ਚਾਹੁੰਦੀ ਹੈ ਕਿ ਸਾਰਾ ਬ੍ਰਹਿਮੰਡ ਇਕ ਜਾਨ ਹੈ । ਕੋਈ ਆਪਣੀ ਵੱਖਰੀ ਹਸਤੀ ਨਹੀਂ ਬਣਾ ਸਕੇਗਾ । ਆਪਣੀ ਨਿੱਜੀ ਸਿਫ਼ਤ ਨੂੰ ਰੂਪਮਾਨ ਕਰਨ ਲਈ ਵੀ, ਉਸ ਨੂੰ ਵਾਤਾਵਰਣ ਦੀ ਲੋੜ ਪਵੇਗੀ, ਆਪਣੇ ਆਲੇ-ਦੁਆਲੇ ਦੀ ਮੁਥਾਜੀ ਰਹੇਗੀ, ਵਾਤਾਵਰਨ ਤੋਂ ਖ਼ਾਲੀ ਵਡਿੱਤਣ, ਸ਼ੁਹਰਤ ਤੇ ਸੁੰਦਰਤਾ ਕੁਝ ਵੀ ਨਹੀਂ ।

ਕਈ ਸਾਧਾਰਣ ਨਕਸ਼, ਯੋਗ ਵਾਤਾਵਰਣ ਵਿਚ ਬੜੇ ਸੁੰਦਰ ਲੱਗਦੇ ਹਨ । ਸਾਦੇ ਤੇ ਚੰਗੇ ਸੀਤੇ ਕੱਪੜੇ, ਮੁਨਾਸਬ ਸਫ਼ਾਈ, ਲਿਸ਼ਕੀ ਹੋਈ ਜੁੱਤੀ, ਵਾਹੇ ਹੋਏ ਕੇਸ, ਮੁਸਕਾਨ ਭਰਿਆ ਚਿਹਰਾ, ਹਮਦਰਦੀ ਭਰੀਆਂ ਅੱਖਾਂ, ਪ੍ਰਸੰਨ ਬੁੱਲ੍ਹ, ਸਾਧਾਰਣ ਤੋਂ ਸਾਧਾਰਣ ਮੁਖ ਨੂੰ ਸੁੰਦਰਤਾ ਦਾ ਪ੍ਰਭਾਵ ਦੇ ਸਕਦੇ ਹਨ ।

**121.** ਉਪਰੋਕਤ ਪੈਰਾ ਕਿਹੜੇ ਲੇਖ ਵਿਚੋਂ ਲਿਆ ਗਿਆ ਹੈ ?

(1) ਘਰ ਦਾ ਪਿਆਰ

(2) ਵਾਤਾਵਰਣ ਵਿਚ ਸੁੰਦਰਤਾ

(3) ਵਿਹਲੀਆਂ ਗੱਲਾਂ

(4) ਇਨ੍ਹਾਂ ਵਿਚੋਂ ਕੋਈ ਵੀ ਨਹੀਂ

**122.** ਉਪਰੋਕਤ ਪੈਰੇ ਵਿਚ ਵਰਤੇ ਗਏ ਸ਼ਬਦ 'ਹਸਤੀ' ਦਾ ਕੀ ਅਰਥ ਹੈ ?

(1) ਹਸਣਾ

(2) ਪਿੰਡ ਦਾ ਨਾਂ

(3) ਹੋਂਦ

(4) ਉਪਰੋਕਤ ਸਾਰੇ

123. ਉਪਰੋਕਤ ਪੈਰੇ ਦਾ ਲੇਖਕ ਕੌਣ ਹੈ ?

(1) ਗੁਰਬਖਸ ਸਿੰਘ ਪ੍ਰੀਤਲੜੀ

(2) ਪ੍ਰਿੰਸੀਪਲ ਤੇਜਾ ਸਿੰਘ

(3) ਹਰਬੰਸ ਸਿੰਘ ਚਾਵਲਾ

(4) ਡਾ: ਜਸਵਿੰਦਰ ਸਿੰਘ

124. ਉਪਰੋਕਤ ਪੈਰੇ ਵਿਚ ਲੇਖਕ ਨੇ ਕਿਸ ਗੱਲ ਉਪਰ ਵਧੇਰੇ ਜ਼ੋਰ ਦਿਤਾ ਹੈ ?

(1) ਤਾਜ ਮਹੱਲ ਉਪਰ

(2) ਸਾਧਾਰਨ ਮਨੁੱਖ ਦੀ ਸੁੰਦਰਤਾ ਉਪਰ

(3) ਗੁੰਬਦ ਉਪਰ

(4) ਵਾਤਾਵਰਣ ਉਪਰ

125. ਕੁਦਰਤ ਕਿਸ ਉਪਰ ਵਧੇਰੇ ਬਲ ਦਿੰਦੀ ਹੈ ?

(1) ਬ੍ਰਹਿਮੰਡ ਉੱਪਰ

(2) ਤਾਜ ਮਹੱਲ ਉੱਪਰ

(3) ਮੁਸਕਾਨ ਉੱਪਰ

(4) ਗੁੰਬਦ ਉੱਪਰ

126. ਸਾਦੇ ਤੇ ਚੰਗੇ ਕਪੜੇ, ਲਿਸਕੀ ਹੋਈ ਜੁੱਤੀ, ਵਾਹੇ ਹੋਏ ਕੇਸ ਆਦਿ ਮਿਲ ਕੇ ਕਿਸ ਦੀ ਸਿਰਜਨਾਂ ਕਰਦੇ ਹਨ ?

(1) ਦਾਰਸ਼ਨੀ ਸੁਹੱਪਣ ਦੀ

(2) ਆਪਣੇ ਗੁੰਬਦ ਦੀ

(3) ਯੋਗ ਵਾਤਾਵਰਣ ਦੀ

(4) ਇਨ੍ਹਾਂ 'ਚੋਂ ਕੋਈ ਨਹੀਂ

127. ਉਪਰੋਕਤ ਪੈਰ 'ਚ ਵਰਤੇ ਗਏ ਸ਼ਬਦ 'ਮੁਥਾਜੀ' ਦਾ ਵਿਰੋਧੀ ਸ਼ਬਦ ਚੁਣੋ ।

(1) ਵਾਰ ਕਰਨਾ

(2) ਅਹਿਸਾਨ

(3) ਗੁੱਸਾ

(4) ਆਤਮ-ਨਿਰਭਰਤਾ

128. ਸੁੰਦਰਤਾ ਲਈ ਸਭ ਤੋਂ ਵੱਧ ਕੀ ਜ਼ਰੂਰੀ ਹੈ ?

(1) ਗੁੰਬਦ

(2) ਸਫ਼ਾਈ

(3) ਲਿਸ਼ਕੀ-ਪੁਸ਼ਕੀ ਜੁਤੀ

(4) ਵਾਤਾਵਰਣ

129. 'ਅਕਹਿ ਅਨੁਭਵ' ਦੀ ਕਿਸ ਲਈ ਲੋੜ ਪੈਂਦੀ ਹੈ ?

(1) ਮਾਤਹਿਤ ਲਈ

(2) ਬ੍ਰਹਿਮੰਡ ਲਈ

(3) ਦਰਸ਼ਨੀ ਸੁਹੱਪਣ ਲਈ

(4) ਕਪੜੇ ਸਿਉਣ ਲਈ

**ਨਿਰਦੇਸ਼** : ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਉਸ ਹੇਠਾਂ ਦਿੱਤੇ ਪ੍ਰਸ਼ਨਾਂ (**130** ਤੋਂ **135**) ਦਾ ਉੱਤਰ ਢੁੱਕਵੇਂ ਵਿਕਲਪਾਂ ਨਾਲ ਦਿਓ :

ਜਦ ਸਾਡੇ ਅੰਦਰ ਮੌਤ ਦਾ ਡਰ ਜਾਂ ਫਿਕਰ ਆਵੇ, ਸਾਨੂੰ ਉਚਿਤ ਹੈ ਕਿ ਅਸੀ ਆਪਣੀ ਹਉਂ ਦੇ ਖੂਹ ਵਿਚੋਂ ਨਿਕਲ ਵੱਡੀ ਦੁਨੀਆਂ ਵਲ ਨਜਰ ਮਾਰੀਐ ਤੇ ਸੋਚੀਏ ਕਿ ਇਹ ਸਭ ਬੇਅੰਤ ਪਸਾਰਾ ਜੀਵਨ ਹੈ ਕਿ ਮੌਤ, ਹੋਂਦ ਹੈ ਕਿ ਨਾ ਹੋਂਦ ਜੇ ਮੌਤ ਨਾਮ ਨਾਸ ਹੋਣ ਦਾ ਹੋਵੇ, ਤਾਂ ਐਨੇ ਲੱਖਾਂ, ਕਰੋੜਾਂ ਵਰ੍ਹਿਆ ਵਿੱਚ ਇਕ ਦੁਨੀਆਂ ਕੀ ਹਜ਼ਾਰਾਂ ਦੁਨੀਆਂ ਨਾਸ਼ ਹੋ ਜਾਣ । ਜੇ ਇੰਨਾ ਕੁਝ ਨਾਸ਼ ਹੋ ਕੇ ਫਿਰ ਇੰਨਾ ਕੁਝ ਹਾਲਾਂ ਨਾਸ਼ ਹੋਣਾ ਹੈ, ਤਾਂ ਸਮਝੋ ਹਾਲਾਂ ਪੂਣੀ ਵੀ ਨਹੀਂ ਕੱਤੀ ਗਈ । ਅਸਚਰਜ ਦੀ ਗੱਲ ਇਹ ਹੈ ਕਿ ਇਹ ਸਭ ਕੁਝ ਜੋ ਨਾਸ਼ ਹੋ ਜਾਵੇ, ਤਦ ਭੀ ਮਨੁੱਖੀ ਹਿਰਦੇ ਵਿੱਚ ਏਸ ਨਾਸ਼ ਨੂੰ ਵੇਖਣ ਵਾਲਾ, ਸਭ ਕੁਝ ਨਾਸ਼ ਕਰ ਕੇ ਆਪ ਫੇਰ ਕਾਇਮ ਰਹਿਣ ਵਾਲਾ ਕੋਈ ਅਬਨਾਸ਼ੀ ਬੈਠਾ ਹੈ, ਜਿਹੜਾ ਕਹਿੰਦਾ ਹੈ, ਫੇਰ ਕੀ ਹੋਵੇਗਾ ? ਜਿਸ ਤਰ੍ਹਾਂ ਅੱਧਾ ਡਰਾਮਾ ਮੁਕਣ ਉਤੇ ਵੇਖਣ ਵਾਲਾ ਫੇਰ ਉਡੀਕਣ ਲੱਗ ਪੈਂਦਾ ਹੈ ਕਿ ਹੁਣ ਕਦ ਪਰਦਾ ਉਠੇਗਾ । ਤੇ ਜੇ ਆਹ ਸੂਰਜ, ਚੰਦ, ਸਤਾਰੇ ਵੀ ਇਕ ਦਿਨ ਮਾਂਦ ਹੋ ਜਾਣੇ ਹਨ, ਤਾਂ ਇਕ ਅਸੀ ਹੀ ਤਾਂ ਨਾਸ਼ਵਾਨ ਨਹੀਂ, ਸਾਰਾ ਮੇਲਾ ਹੀ ਵਿਛੜ ਜਾਵੇਗਾ । ਪਰ ਜੇ ਇਕ ਵਾਰ ਮੇਲਾ ਲਗ ਸਕਦਾ ਹੈ, ਕਿਉਂ ਦੂਜੀ ਵਾਰ ਨਹੀਂ ਲਗ ਸਕਦਾ ? ਜੇ ਭਰ ਕੇ ਵਿਛੜ ਸਕਦਾ ਹੈ, ਤਾਂ ਵਿਛੜ ਕੇ ਭਰ ਕਿਉਂ ਨਹੀਂ ਸਕੇਗਾ ?

**130.** ਜੇ ਇੰਨਾ ਕੁੱਝ ਨਾਸ਼ ਹੋ ਕੇ ਫਿਰ ਇੰਨਾ ਕੁਝ ਹਾਲਾਂ ਨਾਸ਼ ਹੋਣਾ ਹੈ, ਤਾਂ ਸਮਝੋ ਹਾਲਾ ਪੂਣੀ ਵੀ ਨਹੀਂ ਕੱਤੀ ਗਈ – ਵਾਕ ਵਿਚ ਲਕੀਰੇ ਵਾਕ ਦੇ ਅਰਥ ਦਸੋ

(1) ਬਹੁਤ ਸਾਰੀਆਂ ਪੂਣੀਆਂ ਕੱਤਣੀਆਂ ਰਹਿ ਗਈਆਂ

(2) ਬਹੁਤੇ ਵਿਚੋਂ ਥੋੜ੍ਹਾ ਜਿਹਾ ਕੰਮ ਵੀ ਖ਼ਤਮ ਨਹੀਂ ਹੋਇਆ

(3) ਇਕ ਪੂਣੀ ਬਚ ਗਈ

(4) ਇਨ੍ਹਾਂ ਵਿਚੋਂ ਕੋਈ ਨਹੀਂ

**131.** ਉਪਰੋਕਤ ਪੈਰੇ ਵਿਚ ਆਏ ਸ਼ਬਦ 'ਅਬਨਾਸ਼ੀ' ਦਾ ਕੀ ਅਰਥ ਹੈ ?

(1) ਜੋ ਨਾਸ਼ ਹੋ ਜਾਵੇ

(2) ਡਰਾਉਣ ਵਾਲਾ

(3) ਜੋ ਨਾਸ਼ ਨਾ ਹੋਵੇ

(4) ਵਿਛੜਨ ਵਾਲਾ

**132.** ਉਪਰੋਕਤ ਪੈਰੇ ਵਿਚ ਦੁਨੀਆਂ ਦੀ ਕਿਸ ਨਾਲ ਤੁਲਣਾ ਕੀਤੀ ਗਈ ਹੈ ?

(1) ਪੂਣੀਆਂ ਨਾਲ

(2) ਮੇਲੇ ਨਾਲ

(3) ਡਰ ਨਾਲ

(4) ਇਨ੍ਹਾਂ 'ਚੋਂ ਕਿਸੇ ਨਾਲ ਵੀ ਨਹੀਂ

**133.** ਲੇਖਕ ਕਿਸ ਉਪਰ ਹੈਰਾਨ ਹੁੰਦਾ ਹੈ ?

(1) ਅਬਨਾਸ਼ੀ ਉਪਰ

(2) ਨਾਸ਼ਵਾਨਤਾ ਉਪਰ

(3) ਪੂਣੀਆਂ ਉਪਰ

(4) ਮੇਲੇ ਉਪਰ

**134.** ਉਪਰੋਕਤ ਪੈਰੇ ਵਿਚੋਂ ਲੇਖਕ ਦਾ ਕਿਹੜਾ ਨਜ਼ਰੀਆ ਪੇਸ਼ ਹੁੰਦਾ ਹੈ ।

(1) ਨਿਰਾਸ਼ਾਵਾਦੀ

(2) ਉਦਾਸ

(3) ਆਸ਼ਾਵਾਦੀ

(4) ਨਫ਼ਰਤ ਭਰਪੂਰ

**135.** ਉਪਰੋਕਤ ਪੈਰੇ ਦੇ ਲੇਖਕ ਦਾ ਨਾਂ ਦੱਸੋ

(1) ਪ੍ਰਿੰਸੀਪਲ ਤੇਜਾ ਸਿੰਘ

(2) ਗੁਰਬਖ਼ਸ਼ ਸਿੰਘ ਪ੍ਰੀਤਲੜੀ

(3) ਬੰਤ ਸਿੰਘ ਚੱਠਾ

(4) ਕਮਲਾ ਅਕਾਲੀ

**ਨਿਰਦੇਸ਼** : ਹੇਠ ਲਿਖੇ ਪ੍ਰਸ਼ਨਾ ਦੇ ਜੁਆਬ ਢੁੱਕਵੇ ਵਿਕਲਪਾ ਨਾਲ ਦਿਓ :

**136.** ਹੇਠ ਲਿਖੀ ਪ੍ਰੀਖਿਆ ਦੀ ਅੰਕ ਵੰਡ ਕਿਵੇਂ ਕਰੋਂਗੇ

ਪ੍ਰ. ਧਰਮਸ਼ਾਲਾ ਕਿਥੇ ਸਥਿਤ ਹੈ ?

ਉੱਤਰ (1) ਹਿਮਾਚਲ ਪ੍ਰਦੇਸ਼ ਵਿਚ

ਉੱਤਰ (2) ਧਰਮਸ਼ਾਲਾ ਹਿਮਾਚਲ ਪ੍ਰਦੇਸ਼ ਵਿਚ ਸਥਿਤ ਹੈ

(1) 2 ਨੰਬਰ ਉੱਤਰ (2) ਨੂੰ, 0 ਨੰਬਰ ਉੱਤਰ (1) ਨੂੰ

(2) 1 ਨੰਬਰ ਉੱਤਰ (1) ਨੂੰ, 2 ਨੰਬਰ ਉੱਤਰ (2) ਨੂੰ

(3) 2 ਨੰਬਰ ਉੱਤਰ (1) ਨੂੰ, ਤੇ 2 ਨੰਬਰ ਉੱਤਰ (2) ਨੂੰ

(4) $1\frac{1}{2}$ ਨੰਬਰ ਉੱਤਰ (2) ਨੂੰ ਤੇ 1 ਨੰਬਰ ਉੱਤਰ (1) ਨੂੰ

**137.** ਵਿਸਤ੍ਰਿਤ ਪੜ੍ਹਤ ਤੋਂ ਕੀ ਭਾਵ ਹੈ ?

(1) ਅਗਿਆਤ ਸ਼ਬਦਾਂ ਦੇ ਅਰਥ ਦਾ ਅਨੁਮਾਨ ਲਾਉਣਾ

(2) ਇਕ ਵਿਸ਼ੇ ਅਤੇ ਅਨੰਦ ਦੀ ਆਮ ਸਮਝ ਲਈ ਪੜ੍ਹਨਾ

(3) ਰੇਖਾਂਕਿਤ ਕੇਂਦਰੀ ਥੀਮ ਨੂੰ ਸਮਝਣਾ

(4) ਪਾਠ ਦੇ ਸਮੁੱਚੇ ਮੂਲ ਤੱਤ ਬਾਰੇ ਅਨੁਮਾਨ ਲਾਉਣਾ

**138.** ਸੁਣਨ-ਯੋਗਤਾ ਦਾ ਮੁਲਿਆਂਕਣ ਕਰਨ ਵਾਸਤੇ ਅਧਿਆਪਕ ਨੇ ਇਕ ਐਕਟੀਵਿਟੀ ਤਿਆਰ ਕੀਤੀ ਹੈ। ਮੁਲਿਆਂਕਣ ਦਾ ਅਧਾਰ ਹੋਵੇਗਾ

(1) ਵਿਦਿਆਰਥੀ ਵਲੋਂ ਦ੍ਰਿਸ਼ ਨੂੰ ਦਰਸਾਉਣਾ

(2) ਇਕ ਲਘੂ-ਫ਼ਿਲਮ ਨੂੰ ਵੇਖ ਕੇ ਸਮਿਖਿਆ ਕਰਨੀ

(3) ਇਕ ਆਡੀਓ ਰਿਕਾਰਡਿੰਗ ਦੇ ਆਧਾਰ 'ਤੇ ਇਕ ਤਖ਼ਤੀ ਪੂਰੀ ਕਰਨੀ

(4) ਮੁਲਿਆਂਕਣਕਾਰ ਇਕ ਪਾਠ ਨੂੰ ਉੱਚੀ ਪੜ੍ਹਨਾ

**139.** ਪੜਤਾਲ ਅਧਾਰਿਤ ਸਿਖਿਆ, EBL ਹੁੰਦੀ ਹੈ

(1) ਜਦੋਂ ਅਧਿਆਪਕ ਇਕ ਕੰਮ ਦੇ ਕੇ ਸਿੱਖਣ ਵਾਸਤੇ ਮਦਦ ਕਰਦਾ ਹੈ ਜਾ ਸੁਖਾਲਾ ਬਣਾਉਂਦਾ ਹੈ

(2) ਵਿਦਿਆਰਥੀ ਪੜਤਾਲ ਲਈ ਆਪਣਾ ਰਾਹ ਆਪ ਤਲਾਸ਼ਦੇ ਹਨ

(3) ਉਪਰੋਕਤ ਦੋਵੇਂ (1) ਅਤੇ (2)

(4) ਸਿਰਫ਼ (2)

**140.** ਹੇਠ ਲਿਖੇ ਅੰਸ਼ ਨੂੰ ਪੜ੍ਹੋ

ਨਾਸਤਿਕਤਾ ਇਕ ਗ਼ੈਰ-ਖ਼ਲੀਫਾ ਸੰਸਥਾ ਹੈ

ਇਸ ਲਈ ਕਿਹੜਾ ਸਾਹਿਤਕ ਸੰਕਲਪ ਇਸਤੇਮਾਲ ਹੁੰਦਾ ਹੈ ?

(1) ਪੰਨ

(2) ਅਤਿ-ਕਥਨੀ

(3) ਮਧੁਰ-ਭਾਸ਼ਨ

(4) ਪ੍ਰਤੀਕਵਾਦ

**141.** ਮੋਨਾ ਦੀ ਗੱਡੀ ਚਲਾਉਣ ਯੋਗਤਾ ਵਿਚ ਸੁਧਾਰ ਦੀ ਬਹੁਤ ਗੁੰਜਾਇਸ਼ ਹੈ

(1) ਮੋਨਾ ਦੀ ਚੰਗੀ ਡਰਾਇਵਿੰਗ ਲਈ ਬਿੰਬ

(2) ਧਿਆਨ ਨਾਲ ਕਾਰ ਚਲਾਉਣ ਦਾ ਪ੍ਰਤੀਕ

(3) ਮੋਨਾ ਦੀ ਮਾੜੀ ਡਰਾਈਵਿੰਗ ਲਈ ਮਧੁਰ ਵਾਣੀ

(4) ਮੋਨਾ ਦੀ ਡਰਾਈਵਿੰਗ ਦੇ ਭੂਤਕਾਲ ਦੀ ਵਰਤਮਾਨ ਕਾਲ ਨਾਲ ਤੁਲਣਾ

**142.** ਕੋਈ ਪਾਠ ਸਾਮੱਗਰੀ ਵਰਤੇ ਬਿਨਾ ਪੜ੍ਹਨ ਤੋਂ ਹੋਈ ਚਰਚਾ ਸਭ ਤੋਂ ਵੱਧ ਕਿਸ ਦੇ ਨੇੜੇ ਹੈ ?

(1) ਉਤਪਾਦਕ ਪਰਿਵਰਤਨਸ਼ੀਲ ਪਹੁੰਚ

(2) ਰਸਿਆਸ ਵਿਧੀ

(3) ਵਿਆਕਰਨ ਅਨੁਵਾਦ ਵਿਧੀ

(4) ਆਵਾਜ ਤੇ ਭਾਸ਼ਾਈ ਵਿਧੀ

**143.** ਵਿਸਰਾਮ ਚਿੰਨ੍ਹ : ਸਹੀ ਵਿਕਲਪ ਚੁਣੋ

ਮੁਲਾਕਾਤ ਤਹਿ ਕਰਨ ਵਾਸਤੇ ਤੁਹਾਨੂੰ ______ ਨਾਲ ਗੱਲ ਕਰਨੀ ਹੋਵੇਗੀ

(1) ਕੁਲਦੀਪ – ਉਹ ਸੁਰਜੀਤ ਸਿੰਘ ਦਾ ਸਕੱਤਰ ਹੈ

(2) ਕੁਲਦੀਪ, ਉਹ ਸੁਰਜੀਤ ਸਿੰਘ ਦਾ ਸਕੱਤਰ ਹੈ,

(3) ਕੁਲਦੀਪ । ਉਹ ਸੁਰਜੀਤ ਸਿੰਘ ਦਾ ਸਕੱਤਰ ਹੈ

(4) ਕੁਲਦੀਪ – ਉਹ ਸੁਰਜੀਤ ਸਿੰਘ ਦਾ ਸਕੱਤਰ ਹੈ,

**144.** ਜਿਹੜੇ ਸਕੂਲ ਆਮ ਤੇ ਵਿਸ਼ੇਸ਼ ਸਿੱਖਿਆ ਵਿਚ ਕੋਈ ਅੰਤਰ ਨਹੀਂ ਸਮਝਦੇ ਉਨ੍ਹਾਂ ਨੂੰ ______ ਸਕੂਲ ਆਖਿਆ ਜਾਂਦਾ ਹੈ

(1) ਮੁਹਾਰਤ ਹਾਸਲ

(2) ਰਾਖਵਾਂ

(3) ਮਿਆਰੀ

(4) ਸਮਾਵੇਸਿਤ

**145.** ਹਰ ਸੈਸ਼ਨ ਦੇ ਅਖੀਰ 'ਚ ਇਕ ਅਧਿਆਪਕ ਵਿਦਿਆਰਥੀਆਂ ਪੈਰਾ ਸੁਣਨ, ਬੋਲਣ, ਪੜ੍ਹਨ ਅਤੇ ਲਿਖੰਤੀ ਟੈਸਟ ਲੈਂਦਾ ਹੈ । ਇਸ ਆਂਕਲਣ ਪਹੁੰਚ ਦਾ ਵੱਧ ਤੋਂ ਵੱਧ ਸੰਭਾਵਤ ਮਕਸਦ ਹੁੰਦਾ ਹੈ

(1) ਭਾਸ਼ਾ ਸਿੱਖਣ ਲਈ ਵਿਦਿਆਰਥੀਆਂ ਦੀ ਯੋਗਤਾ ਆਂਕਲੀ

(2) ਸਿਲੇਬਸ ਦੇ ਉਦੇਸ਼ਾਂ ਨੂੰ ਪਰਿਭਾਸ਼ਤ ਕਰਨ ਲਈ ਅਧਿਆਪਕ ਦੀ ਮਦਦ ਕਰਨੀ

(3) ਵਿਦਿਆਰਥੀ ਦੀ ਸਮੁੱਚੀ ਨਿਪੁੰਨਤਾ ਦਾ ਪਤਾ ਲਾਉਣਾ

(4) ਭਾਸ਼ਾ ਦੀਆਂ ਜਮਾਤਾਂ ਵੱਲ ਵਿਦਿਆਰਥੀਆਂ ਦੇ ਵਤੀਰੇ ਨੂੰ ਨਿਸਚਿਤ ਕਰਨਾਂ

**146.** ਈ-ਲਰਨਿੰਗ ਹੈ

(1) ਪੱਤਰਾਚਾਰ ਸਿੱਖਿਆ

(2) ਹਾਰਡਵੇਅਰ ਨੂੰ ਸਰਗਰਮੀ ਨਾਲ ਸੰਗਠਿਤ ਕਰਨਾ

(3) ਤਕਨੋਲੋਜੀ ਦੀ ਵਰਤੋਂ ਕਰਕੇ ਸਿੱਖਿਆ ਦਾ ਮਿਸ਼ਰਣ

(4) ਫ਼ਿਲਮ ਡਾਕੂਮੈਂਟਰੀਆਂ

**147.** ਜੇਕਰ ਕੋਈ ਅਧਿਆਪਕ ਤਾਮਿਲ ਭਾਸ਼ਾ ਦੇ ਇਕ ਪਾਠ ਵਿਚ ਪ੍ਰਮਾਣਿਤ ਵੇਰਵੇ ਦੇਣੇ ਚਾਹੁੰਦਾ ਹੈ ਤਾਂ ਉਹ ਹੇਠ ਲਿਖਿਆਂ ਵਿਚੋਂ ਕੋਈ ਇਕ ਛੱਡ ਕੇ ਸਾਰੇ ਵਿਕਲਪ ਵਰਤੇਗਾ

(1) ਇਕ ਤਾਮਿਲ ਅਖ਼ਬਾਰ

(2) ਇਕ ਅੰਗਰੇਜ਼ੀ ਭਾਸ਼ੀ ਅਖ਼ਬਾਰ ਦਾ ਮਦੁਰਾਈ ਬਾਰੇ ਤਾਮਿਲ ਵਿਚ ਅਨੁਵਾਦਤ ਲੇਖ

(3) ਤਾਮਿਲ ਨਾਡੂ ਵਿਚ ਇਕ ਕੰਪਨੀ ਵਲੋਂ ਤਾਮਿਲ ਚ ਇਕ ਨੋਕਰੀ ਵਾਸਤੇ ਅਰਜ਼ੀ ਦਾ ਫ਼ਾਰਮ

(4) ਕੋਇੰਬਟੂਰ 'ਚ ਗਲੀਆਂ ਦੇ ਨਿਸ਼ਾਨ ਦੀਆਂ ਤਸਵੀਰਾਂ

**148.** ਇਕ ਗ਼ੈਰ-ਬੋਲਚਾਲ ਵਾਲਾ ਸੰਚਾਰ ਹੋਵੇਗਾ

(1) ਕਹੇ ਹੋਏ ਸ਼ਬਦ

(2) ਸੰਕੇਤ

(3) ਅੰਕ

(4) ਛਪੇ ਹੋਏ ਸ਼ਬਦ

**149.** ਹੇਠਾਂ ਦਿੱਤੇ ਸਾਰੇ ਫਾਇਦੇ ਸਹਿਕਾਰੀ ਸਮੂਹ ਸਿੱਖਿਆ EXCEPT ਸਾਂਝੇ ਤੌਰ 'ਤੇ ਸੰਬੰਧਤ ਹਨ

(1) ਵਿਦਿਆਰਥੀਆਂ ਦੇ ਅਭਿਆਸ ਨੂੰ ਵਧੇਰੇ ਸਮਾ ਦੇਣਾ

(2) ਇਕ ਖਾਮੋਸ਼ ਤੇ ਵਧੇਰੇ ਅਨੁਸ਼ਾਸਿਤ ਜਮਾਤ ਦਾ ਕਮਰਾ

(3) ਅਧਿਆਪਕ ਕੇਂਦ੍ਰਿਤ ਨਿਰਦੇਸ਼ ਲਈ ਇਕ ਬਦਲ

(4) ਛੇਤੀ ਨਿਰਾਸ਼ ਹੋਣ ਵਾਲੇ ਵਿਦਿਆਰਥੀਆਂ ਨੂੰ ਉਤਸਾਹਤ ਕਰਨ ਲਈ ਧਿਆਨ ਪੂਰਵਕ ਸ਼ਮੂਲੀਅਤ ਕਰਨੀ

**150.** ਪਾਠ ਕਰਦਿਆਂ ਜਾਂ ਪੜ੍ਹਦਿਆਂ ਅਨੁਮਾਨ ਇਕ ਮੁਹਾਰਤ ਹੈ ਜਿਸ ਵਿਚ ਹੇਠ ਲਿਖਿਆਂ 'ਚੋਂ ਸ਼ਾਮਲ ਹੁੰਦਾ ਹੈ

(1) ਵਾਰਤਕ ਵਿਚਲੇ ਅਣਕਹੇ ਪੱਖਾਂ ਨੂੰ ਪਾਠਕੀ ਪੱਖਾਂ ਰਾਹੀਂ ਬਿਆਨ ਕਰਨਾ

(2) ਇਕ ਪਾਠਕੀ ਚੋਣ ਦੇ ਵੱਖ-ਵੱਖ ਹਿੱਸਿਆਂ ਵਿਚ ਸਬੰਧਿਤ ਸੂਚਨਾ ਨੂੰ ਬਿਆਨ ਕਰਨਾ

(3) ਇਕ ਪਾਠਕੀ ਚੋਣ ਦੇ ਸਿੱਟੇ ਬਾਰੇ ਜਾਣਕਾਰੀ ਭਰਪੂਰ ਅਨੁਮਾਨ ਲਾਉਣੇ

(4) ਅਪ੍ਰੀਚਿਤ ਸ਼ਬਦਾਂ ਦੇ ਅਰਥ ਲੱਭਣਾ

**SPACE FOR ROUGH WORK**

## SPACE FOR ROUGH WORK

ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :

1. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ ਨੀਲੇ/ਕਾਲੇ ਬਾਲ ਪੁਆਇੰਟ ਪੈੱਨ ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।
2. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
3. ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ, ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।
4. ਪਰੀਖਿਆ-ਪੁਸਤਿਕਾ/ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ-ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜ਼ਰੀ-ਪੱਤਰ ਵਿੱਚ ਲਿਖਣ।
5. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੀ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
6. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।
7. ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ।
8. ਨਿਰੀਖਿਅਕ ਨੂੰ ਆਪਣਾ ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ। ਜੇਕਰ ਕਿਸੀ ਪਰੀਖਿਆਰਥੀ ਨੇ ਦੂਜੀ ਬਾਰ ਹਾਜ਼ਰੀ-ਪੱਤਰ ਉੱਤੇ ਦਸਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ ਉੱਤਰ ਪੱਤਰ ਜਮ੍ਹਾ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ।
9. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ ਦਾ ਇਸਤੇਮਾਲ ਵਰਜਿਤ ਹੈ।
10. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾ ਦੀ ਪਾਲਨਾ ਕਰੇਗਾ। ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ।
11. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।
12. **ਪਰੀਖਿਆ ਖ਼ਤਮ ਹੋਣ ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। *ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।***

**READ CAREFULLY THE FOLLOWING INSTRUCTIONS :**

1. Out of the four alternatives for each question, only one circle for the correct answer is to be darkened completely with Blue/Black Ball Point Pen on Side-2 of the OMR Answer Sheet. The answer once marked is not liable to be changed.
2. The candidates should ensure that the Answer Sheet is not folded. Do not make any stray marks on the Answer Sheet. Do not write your Roll No. anywhere else except in the specified space in the Answer Sheet.
3. Handle the Test Booklet and Answer Sheet with care, as under no circumstances (except for discrepancy in Test Booklet Code or Number and Answer Sheet Code or Number), another set will be provided.
4. The candidates will write the correct Test Booklet Code and Number as given in the Test Booklet / Answer Sheet in the Attendance Sheet.
5. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/ room.
6. Each candidate must show on demand his / her Admission Card to the Invigilator.
7. No candidate, without special permission of the Superintendent or Invigilator, should leave his / her seat.
8. The candidates should not leave the Examination Hall without handing over their Answer Sheet to the Invigilator on duty and sign the Attendance Sheet twice. Cases where a candidate has not signed the Attendance Sheet a second time will be deemed not to have handed over the Answer Sheet and dealt with as an unfair means case.
9. Use of Electronic / Manual Calculator is prohibited.
10. The candidates are governed by all Rules and Regulations of the Board with regard to their conduct in the Examination Hall. All cases of unfair means will be dealt with as per Rules and Regulations of the Board.
11. No part of the Test Booklet and Answer Sheet shall be detached under any circumstances.
12. **On completion of the test, the candidate must hand over the Answer Sheet to the Invigilator in the Room / Hall. *The candidates are allowed to take away this Test Booklet with them.***

**निम्नलिखित निर्देश ध्यान से पढ़ें :**

1. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के पृष्ठ-2 पर केवल एक वृत्त को ही पूरी तरह नीले/काले बॉल पॉइन्ट पेन से भरें । एक बार उत्तर अंकित करने के बाद उसे बदला नहीं जा सकता है ।
2. परीक्षार्थी सुनिश्चित करें कि इस उत्तर पत्र को मोड़ा न जाए एवं उस पर कोई अन्य निशान न लगाएँ । परीक्षार्थी अपना अनुक्रमांक उत्तर पत्र में निर्धारित स्थान के अतिरिक्त अन्यत्र न लिखें ।
3. परीक्षा पुस्तिका एवं उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं उत्तर पत्र के संकेत या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी ।
4. परीक्षा पुस्तिका / उत्तर पत्र में दिए गए परीक्षा पुस्तिका संकेत व संख्या को परीक्षार्थी सही तरीके से हाज़िरी-पत्र में लिखें ।
5. परीक्षार्थी द्वारा परीक्षा हॉल/कक्ष में प्रवेश कार्ड के सिवाय किसी प्रकार की पाठ्य सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है ।
6. पूछे जाने पर प्रत्येक परीक्षार्थी, निरीक्षक को अपना प्रवेश-कार्ड दिखाएँ ।
7. अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें ।
8. कार्यरत निरीक्षक को अपना उत्तर पत्र दिए बिना एवं हाज़िरी-पत्र पर दुबारा हस्ताक्षर किए बिना परीक्षार्थी परीक्षा हॉल नहीं छोड़ेंगे । यदि किसी परीक्षार्थी ने दूसरी बार हाज़िरी-पत्र पर हस्ताक्षर नहीं किए तो यह माना जाएगा कि उसने उत्तर पत्र नहीं लौटाया है और यह अनुचित साधन का मामला माना जाएगा ।
9. इलेक्ट्रॉनिक / हस्तचालित परिकलक का उपयोग वर्जित है ।
10. परीक्षा-हॉल में आचरण के लिए परीक्षार्थी बोर्ड के सभी नियमों एवं विनियमों द्वारा नियमित हैं । अनुचित साधनों के सभी मामलों का फैसला बोर्ड के नियमों एवं विनियमों के अनुसार होगा ।
11. किसी हालत में परीक्षा पुस्तिका और उत्तर पत्र का कोई भाग अलग न करें ।
12. **परीक्षा सम्पन्न होने पर, परीक्षार्थी कक्ष / हॉल छोड़ने से पूर्व उत्तर पत्र कक्ष-निरीक्षक को अवश्य सौंप दें । *परीक्षार्थी अपने साथ इस परीक्षा पुस्तिका को ले जा सकते हैं ।***

SEAL